ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
(ਕਾਲਜ ਸੈਕਸ਼ਨ)

ਨੰ. 20069-20070 ਜ.ਸ-1
ਮਿਤੀ 8/9/2016

ਈ.ਮੇਲ

1. ਯੂਨੀਵਰਸਿਟੀ ਨਾਲ ਸੰਬੰਧਤ ਸਮੂਹ ਡਿਗਰੀ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ
2. ਡਾਇਰੈਕਟਰ, ਕਾਂਸਟੀਚੂਐਂਟ ਕਾਲਜ (ਕਾਂਸਟੀਚੂਐਂਟ ਕਾਲਜਾਂ ਨੂੰ ਸਰਕੂਲੇਟ ਕਰਨ ਹਿਤ)।

ਵਿਸ਼ਾ: ਸੈਸ਼ਨ 2016-17 ਦੌਰਾਨ ਦਾਖਲੇ ਦੀ ਮਿਤੀਆਂ ਵਿਚ ਵਾਧੇ ਸੰਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ ਮਾਨਯੋਗ ਵਾਈਸ ਚਾਂਸਲਰ ਸਾਹਿਬ ਵਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਵਿਸ਼ੇਸ਼ ਕੇਸ ਵਜੋਂ ਨਿਯਮਾਂ ਵਿਚ ਢਿੱਲ ਦਿੰਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਸਮੂਹ ਡਿਗਰੀ ਕਾਲਜਾਂ ਵਿਖੇ ਸੈਸ਼ਨ 2016-17 ਦੌਰਾਨ ਸਲਾਨਾ/ਸਮੈਸਟਰ ਪ੍ਰਣਾਲੀ ਅਧੀਨ ਵੱਖ-ਵੱਖ ਕੋਰਸਾਂ ਵਿਚ 7000/-ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਮਿਤੀ 14.09.16 ਤੱਕ ਦਾਖਲੇ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਗਈ ਕਿ ਇਨ੍ਹਾਂ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਰਿਟਰਨ 22.09.16 ਤੱਕ ਬਿਨਾਂ ਲੇਟ ਫੀਸ ਅਤੇ ਇਸ ਉਪਰੰਤ ਬਣਦੀ ਲੇਟ ਫੀਸ ਨਾਲ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ।

ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਵਿਦਿਆਰਥੀਆਂ ਨੇ ਮਿਤੀ 31.08.16 ਤੋਂ ਬਾਅਦ ਦਾਖਲੇ ਲਈ ਬਿਨੈ ਕੀਤਾ ਹੈ ਉਹ ਵਿਦਿਆਰਥੀ ਹਸਤਾਖਰਕਰਤਾ ਨਾਲ 14.09.16 ਤੱਕ ਸੰਪਰਕ ਕਰਨ। ਮਿਤੀ 14.09.16 ਤੋਂ ਬਾਅਦ ਆਉਣ ਵਾਲੇ ਦਾਖਲਿਆ ਸੰਬੰਧੀ ਬਿਨੈ-ਪੱਤਰਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਵਿਸ਼ਵਾਸਪਾਤਰ।
8/9/16
ਸਹਾਇਕ ਰਜਿਸਟਰਾਰ(ਕਾਲਜਾਂ)

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਜਾਣਕਾਰੀ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਕੰਟਰੋਲਰ(ਪ੍ਰੀਖਿਆਵਾਂ)
2. ਨਿੱਜੀ ਸਹਾਇਕ, ਡੀਨ ਅਕਾਦਮਿਕ ਮਾਮਲੇ।
3. ਨਿੱਜੀ ਸਹਾਇਕ, ਡੀਨ ਕਾਲਜ ਵਿਕਾਸ ਕੌਂਸਲ।
4. ਨਿਗਰਾਨ, ਜਨਰਲ ਬਰਾਂਚ।
5. ✓ ਡਾਇਰੈਕਟਰ, ਕੰਪਿਊਟਰ ਸੈਂਟਰ (ਯੂਨੀਵਰਸਿਟੀ ਸਾਈਟ ਤੇ ਅਪਲੋਡ ਕਰਨ ਹਿਤ।)